# ਟੋਲ ਫੀਸਾਂ ਦਾ ਭੁਗਤਾਨ ਕਿਵੇਂ ਕਰੀਏ

Linkt

## ਤੁਸੀਂ ਕਿੰਨ੍ਹੀ ਕੁ ਵਾਰ ਯਾਤਰਾ ਕਰੋਂਗੇ?

### ਮਹੀਨੇ ਵਿੱਚ ਇੱਕ ਜਾਂ ਵਧੇਰੇ ਵਾਰ

ਟੈਗ ਖਾਤਾ

**ਸਭ ਤੋਂ ਸਸਤਾ ਵਿਕਲਪ**

### ਰੋਜ਼ਾਨਾ ਖਾਤਾ

↳ ਟੈਗ-ਰਹਿਤ ਖਾਤਾ

↳ LinktGO (ਸਿਰਫ਼ ਐਪਾਂ)

### ਇੱਕ ਵਾਰ ਦੇ ਟਰਿੱਪ ਜਾਂ ਥੋੜ੍ਹੀ-ਮਿਆਦ ਲਈ

↳ ਸਿਡਨੀ ਪਾਸ

↳ LinktGO (ਸਿਰਫ਼ ਐਪਾਂ)

## ਆਪਣੀ ਟੋਲ ਫੀਸਾਂ ਦਾ ਭੁਗਤਾਨ ਕਰਨ ਲਈ ਸਹਾਇਤਾ ਦੀ ਲੋੜ ਹੈ?

ਕਈ ਵਾਰ ਜਿੰਦਗੀ ਯੋਜਨਾ ਮੁਤਾਬਿਕ ਨਹੀਂ ਚਲਦੀ।

ਜੇ ਤੁਸੀਂ ਆਪਣੀਆਂ ਟੋਲ ਫੀਸਾਂ ਦਾ ਭੁਗਤਾਨ ਕਰਨਾ ਚਾਹੁੰਦੇ ਹੋ ਪਰ ਕਿਸੇ ਵੀ ਕਾਰਨ ਕਰਕੇ ਤੁਸੀਂ ਨਹੀਂ ਕਰ ਸਕਦੇ— ਤਾਂ ਅਸੀਂ ਮਦਦ ਕਰ ਸਕਦੇ ਹਾਂ।

ਗੁਪਤ ਸਹਾਇਤਾ ਵਾਸਤੇ ਸਾਡੀ Linkt Assist ਟੀਮ ਨੂੰ 1300 767 865 ’ਤੇ ਕਾਲ ਕਰੋ।

ਜੇ ਤੁਸੀਂ ਤਰਜੀਹ ਦਿੰਦੇ ਹੋ, ਤਾਂ ਤੁਸੀਂ ਕਿਸੇ ਪ੍ਰਤੀਨਿਧੀ, ਜਿਵੇਂ ਕੋਈ ਭਾਈਚਾਰਾ ਭਲਾਈ ਸੰਸਥਾ, ਵਿੱਤੀ ਸਲਾਹਕਾਰ ਜਾਂ ਵਕੀਲ ਨੂੰ, ਤੁਹਾਡੇ ਵੱਲੋਂ ਸਾਨੂੰ ਕਾਲ ਕਰਨ ਲਈ ਕਹਿ ਸਕਦੇ ਹੋ।

# ਆਪਣੀ ਲੋੜਾਂ ਲਈ ਸਹੀ ਉਤਪਾਦ ਚੁਣਨਾ

| | ਟੈਗ ਖਾਤਾ | ਟੈਗ-ਰਹਿਤ ਖਾਤਾ | ਸਿਡਨੀ ਪਾਸ | LinktGO |
|---|---|---|---|---|
| | ਉਹ ਗਾਹਕ, ਜੋ ਮਹੀਨੇ ਵਿੱਚ ਇੱਕ ਜਾਂ ਵਧੇਰੇ ਵਾਰ ਸਫ਼ਰ ਕਰਦੇ ਹਨ , ਆਮ ਤੌਰ ’ਤੇ ਇਸ ਵਿਕਲਪ ਨੂੰ ਚੁਣਦੇ ਹਨ। ਇੱਕ ਸਵੈਚਲਿਤ ਟੌਪ-ਅੱਪ ਸੈੱਟ ਕਰਨ ਦੀ ਬਜਾਏ ਆਪਣੇ ਭੁਗਤਾਨ ਖੁਦ ਕਰਨ ਦੁਆਰਾ। | ਉਹ ਗਾਹਕ, ਜੋ ਹਰ ਕੁਝ ਮਹੀਨਿਆਂ ਬਾਅਦ ਜਾਂ ਵਧੇਰੇ ਵਾਰ ਯਾਤਰਾ ਕਰਦੇ ਹਨ , ਆਮ ਤੌਰ ’ਤੇ ਇਸ ਵਿਕਲਪ ਨੂੰ ਚੁਣਦੇ ਹਨ। | ਉਹ ਗਾਹਕ, ਜੋ ਸਾਲ ਵਿੱਚ ਦੋ ਵਾਰ ਯਾਤਰਾ ਕਰਦੇ ਹਨ , ਆਮ ਤੌਰ ’ਤੇ ਇਸ ਵਿਕਲਪ ਨੂੰ ਚੁਣਦੇ ਹਨ। | ਉਹ ਗਾਹਕ ਜੋ ਕਦੇ ਕਦੇ ਯਾਤਰਾ ਕਰਨੀ ਚਾਹੁੰਦੇ ਹਨ ਅਤੇ ਟਰਿੱਪ ਦਰ ਟਰਿੱਪ ਭੁਗਤਾਨ ਕਰਨਾ ਚਾਹੁੰਦੇ ਹਨ |
| ਮੈਂ ਕਿੰਨੀ ਦੇਰ ਯਾਤਰਾ ਕਰ ਸਕਦਾ/ਦੀ ਹਾਂ? | ਨਿਰੰਤਰ, ਕੋਈ ਮਿਆਦ ਸਮਾਪਤੀ ਤਾਰੀਖ਼ ਨਹੀਂ | ਨਿਰੰਤਰ, ਕੋਈ ਮਿਆਦ ਸਮਾਪਤੀ ਤਾਰੀਖ਼ ਨਹੀਂ | 30 ਦਿਨ ਦੀ ਮਿਆਦ | ਨਿਰੰਤਰ, ਕੋਈ ਮਿਆਦ ਸਮਾਪਤੀ ਤਾਰੀਖ਼ ਨਹੀਂ |
| ਕੀ ਮੈਂ ਸਿਡਨੀ ਦੀਆਂ ਸਾਰੀਆਂ ਟੋਲ ਸੜਕਾਂ 'ਤੇ ਸਫ਼ਰ ਕਰ ਸਕਦਾ/ਦੀ ਹਾਂ? | ✓ | ✓ | ✓ | ✓ |
| ਕੀ ਮੈਂ ਕਿਸੇ ਕਰੈਡਿਟ ਜਾਂ ਡੈਬਿਟ ਕਾਰਡ ਤੋਂ ਬਿਨਾਂ ਖਾਤਾ ਖੋਲ੍ਹ ਸਕਦਾ/ਦੀ ਹਾਂ? | ✗ | ✗ | ✗ | ✗ |
| ਕੀ ਕੋਈ ਨਿਰੰਤਰ ਭੁਗਤਾਨਯੋਗ ਲਾਗਤਾਂ ਹਨ? | ✓ ਸਿਰਫ਼ ਟੋਲ ਫੀਸਾਂ | ✓ ਟੋਲ ਫੀਸਾਂ + ਪ੍ਰਤੀ ਟਰਿੱਪ ਇੱਕ ਛੋਟੀ ਜਿਹੀ ਫੀਸ ($0.75 ਤੱਕ^) | ✓ ਟੋਲ ਫੀਸਾਂ + ਪ੍ਰਤੀ ਟਰਿੱਪ ਇੱਕ ਛੋਟੀ ਜਿਹੀ ਫੀਸ ($0.75) | ✓ ਟੋਲ ਫੀਸਾਂ + ਪ੍ਰਤੀ ਟਰਿੱਪ ਇੱਕ ਛੋਟੀ ਜਿਹੀ ਫੀਸ ($0.95) |
| ਮੈਂ ਕਿਵੇਂ ਭੁਗਤਾਨ ਕਰ ਸਕਦਾ/ਦੀ ਹਾਂ? | ਐਪ / ਵੈੱਬਸਾਈਟ; ਫ਼ੋਨ; ਖੁਦ ਹਾਜ਼ਰ ਹੋਕੇ (ਸਿਰਫ਼ ਟੌਪ ਅੱਪ) | ਸਵੈਚਲਿਤ ਭੁਗਤਾਨ ਸਿਰਫ ਕ੍ਰੈਡਿਟ ਜਾਂ ਡੈਬਿਟ ਕਾਰਡ ਰਾਹੀਂ | ਸਵੈਚਲਿਤ ਭੁਗਤਾਨ ਸਿਰਫ ਕ੍ਰੈਡਿਟ ਜਾਂ ਡੈਬਿਟ ਕਾਰਡ ਰਾਹੀਂ | ਸਵੈਚਲਿਤ ਭੁਗਤਾਨ ਸਿਰਫ ਕ੍ਰੈਡਿਟ ਜਾਂ ਡੈਬਿਟ ਕਾਰਡ ਰਾਹੀਂ |
| ਕੀ ਮੈਂ ਨਕਦ ਭੁਗਤਾਨ ਕਰ ਸਕਦਾ/ਦੀ ਹਾਂ? | ਖੁਦ ਹਾਜ਼ਰ ਹੋਕੇ (ਸਿਰਫ਼ ਟੌਪ ਅੱਪ) | ✗ | ✗ | ✗ |

^ ਇਹ ਫੀਸ ਹਰੇਕ ਟੋਲ ਸੜਕ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ, ਇਸ ਲਈ ਜੇ ਤੁਸੀਂ ਅੰਤਰਰਾਜੀ ਯਾਤਰਾ ਕਰ ਰਹੇ ਹੋ ਤਾਂ ਇਹ ਫੀਸਾਂ ਵੱਖ-ਵੱਖ ਹੋ ਸਕਦੀਆਂ ਹਨ। Linkt ਦੀ ਵੈੱਬਸਾਈਟ ’ਤੇ ਅੰਤਰਰਾਜੀ ਟੋਲ ਸੜਕਾਂ ਵਾਸਤੇ ਇਹਨਾਂ ਫੀਸਾਂ ਦੀ ਪੂਰੀ ਸੂਚੀ ਦੇਖੋ।

## ਕੀ ਤੁਹਾਨੂੰ ਇੱਕ ਟੋਲ ਇਨਵੌਇਸ ਪ੍ਰਾਪਤ ਹੋਇਆ?

ਜੇ ਤੁਸੀਂ ਮੇਲ ਵਿੱਚ ਟੋਲ ਇਨਵੌਇਸ (ਟੋਲ ਸੜਕ ਦੇ ਸਫ਼ਰ ਲਈ ਇੱਕ ਬਿੱਲ) ਪ੍ਰਾਪਤ ਕੀਤਾ ਹੈ, ਤਾਂ ਭੁਗਤਾਨ ਦੇ ਵਿਕਲਪ ਭੁਗਤਾਨ ਸਲਿਪ 'ਤੇ ਦਿੱਤੇ ਗਏ ਹਨ । ਤੁਹਾਡੇ ਦੁਆਰਾ ਯਾਤਰਾ ਕਰਨ ਤੋਂ ਪਹਿਲਾਂ ਕੋਈ ਖਾਤਾ ਸਥਾਪਤ ਕਰਨਾ ਜਾਂ ਕੋਈ ਪਾਸ ਖਰੀਦਣਾ ਤੁਹਾਨੂੰ ਇਹਨਾਂ ਤੋਂ ਬਚਣ ਅਤੇ ਆਪਣੇ ਪੈਸੇ ਬਚਾਉਣ ਵਿੱਚ ਮਦਦ ਕਰੇਗਾ।

## ਖੁਦ ਹਾਜ਼ਰ ਹੋਕੇ ਟੌਪ ਅੱਪ

ਤੁਸੀਂ ਭਾਗੀਦਾਰੀ ਕਰਨ ਵਾਲੇ ਨਿਊਜ਼ਏਜੰਟਾਂ, 7-Eleven ਸਟੋਰਾਂ ਜਾਂ United ਅਤੇ BP ਪੈਟਰੋਲ ਸਟੇਸ਼ਨਾਂ ਵਿਖੇ ਖੁਦ ਹਾਜ਼ਰ ਹੋਕੇ ਟੌਪ ਅੱਪ ਕਰ ਸਕਦੇ ਹੋ। ਸਾਡੇ ਟਿਕਾਣਿਆਂ ਲਈ linkt.com.au/pip ਦੇਖੋ।

## ਫੈਸਲਾ ਨਹੀਂ ਕਰ ਸਕਦੇ?

ਮਦਦ ਵਾਸਤੇ linkt.com.au/choose ’ਤੇ ਜਾਓ ਜਾਂ Linkt ਟੀਮ ਨੂੰ 13 33 31 ’ਤੇ ਕਾਲ ਕਰੋ।

Linkt

ਇਹ 1 ਫਰਵਰੀ 2024 ਨੂੰ ਸਾਡੇ ਮਸ ਰ ਉਤਪਾਦਾਂ ਦਾ ਸਾਰ ਹੈ।
ਸਾਰੇ ਉਪਲਬਧ ਉਤਪਾਦਾਂ, ਟੋਲ ਅਤੇ ਫੀਸਾਂ ਬਾਰੇ ਵਧੇਰੇ ਜਾਣਕਾਰੀ ਲਈ Linkt.com.au ’ਤੇ ਜਾਓ ਜਾਂ 13 33 31ਨੂੰ ਕਾਲ ਕਰੋ।
Linkt ਅਤੇ Linkt Sydney, Transurban Limited ਦੇ ਵਪਾਰਕ-ਚਿੰਨ੍ਹ ਹਨ ਅਤੇ ਇਹਨਨੂੰ Tollaust Pty Ltd ABN 37 050 538 693 ਵੱਲੋਂ ਲਾਇਸੰਸ ਤਹਿਤ ਵਰਤਿਆ ਜਾਂਦਾ ਹੈ।

Operated by Transurban ਦੁਆਰਾ ਸੰਚਾਲਿਤ

TL129_SYD_June2024